# ਬਾਈਬਲ ਦੀ ਪੜਤਾਲ, ਭਾਗ 1-66 ਪੁਸਤਕਾਂ ਦਾ ਸਰਵੇਖਣ ਜਿਹੜੀਆਂ ਪਰਮੇਸ਼ੁਰ ਦਾ ਵਚਨ ਹਨ।

ਜਿਹੜੇ ਲੋਕ ਬੱਚਿਆਂ ਨੂੰ ਸਿੱਖਿਆ ਦੇਂਦੇ ਹਨ, ਉਨ੍ਹਾਂ ਨੂੰ B3b ਦਾ ਅਧਿਐਨ ਕਰਨਾ ਚਾਹੀਦਾ ਹੈ।

**1.** ਬਾਈਬਲ ਦੇ ਸਾਰੇ ਭਾਗਾਂ ਦਾ ਨਿਰੀਖਣ ਕਰੋ ਅਤੇ ਇਸਨੂੰ ਬੁੱਧੀਮਾਨੀ ਨਾਲ ਲਾਗੂ ਕਰੋ।

ਪ੍ਰਾਰਥਨਾ: ''ਪਰਮੇਸ਼ੁਰ ਦੀ ਆਤਮਾ, ਮੈਨੂੰ ਵਚਨ ਦੇ ਵੱਖ-ਵੱਖ ਭਾਗਾਂ ਨੂੰ ਸਮਝਣ ਦੇ ਤਾਂ ਕਿ ਮੈਂ ਤੇਰੇ ਝੁੰਡ ਨੂੰ ਆਪਣੇ ਬੁੱਧੀਮਾਨੀ ਨਾਲ ਲਾਗੂ ਕਰਨ ਵਿੱਚ ਮਦਦ ਕਰ ਸਕਾਂ।''

ੳ: ਬਾਈਬਲ ਦੇ ਬਾਰੇ ਤੱਥ

- ਬਾਈਬਲ, ਪਰਮੇਸ਼ੁਰ ਦਾ ਸੰਦੇਸ਼ ਹੈ, ਜੋ ਦੋ ਮੁੱਖ ਭਾਗਾਂ ਵਿੱਚ ਵੰਡਿਆ ਹੋਇਆ ਹੈ। ਪਹਿਲਾ ਭਾਗ ਪੁਰਾਣਾ ਨੇਮ ਹੈ, ਜਿਸ ਵਿੱਚ 39 ਪੁਸਤਕਾਂ ਹਨ, ਜਿਹੜੀਆਂ ਇਬਰਾਨੀ ਅਤੇ ਅਰਾਮੀ (ਪੁਰਾਤਨ ਸੀਰੀਆ ਦੇ ਲੋਕਾਂ ਦੀ ਭਾਸ਼ਾ, ਇਬਰਾਨੀ ਭਾਸ਼ਾ ਵਰਗੀ) ਭਾਸ਼ਾ ਵਿੱਚ ਲਿਖੀਆਂ ਹੋਇਆਂ ਹਨ। ਨਵੇਂ ਨੇਮ ਵਿੱਚ 27 ਪੁਸਤਕਾਂ ਹਨ ਜਿਹੜੀਆਂ ਯੂਨਾਨੀ ਭਾਸ਼ਾ ਵਿੱਚ ਲਿਖੀਆਂ ਗਈਆਂ।



- ਪੁਰਾਣੇ ਨੇਮ ਨੇ ਇਸਰਾਏਲ ਦੇ ਲੋਕਾਂ ਨੂੰ ਯਿਸੂ ਦੇ ਆਉਣ ਲਈ ਤਿਆਰ ਕੀਤਾ। ਇਸਨੇ ਉਨ੍ਹਾਂ ਨੂੰ ਮੂਲ ਆਤਮਿਕ ਵਿੱਚਾਰ ਸਿਖਾਏ ਅਤੇ ਉਨ੍ਹਾਂ ਨੂੰ ਵਿਖਾਇਆ ਕਿ ਉਹ ਉਨ੍ਹਾਂ ਦੇ ਆਪਣੇ ਜ਼ਤਨਾਂ ਨਾਲ ਪਰਮੇਸ਼ੁਰ ਦੀ ਪਵਿੱਤਰ ਬਿਵਸਥਾ ਦਾ ਪਾਲਨ ਨਹੀਂ ਕਰ ਸਕਦੇ।
- ਨਵੇਂ ਨੇਮ ਵਿੱਚ ਯਿਸੂ ਦੇ ਜੀਵਨ ਅਤੇ ਕੰਮਾਂ, ਅਤੇ ਉਸਦੇ ਪਹਿਲੇ ਚੇਲਿਆਂ ਦੇ ਕੰਮਾਂ ਦਾ ਵੇਰਵਾ ਦਿੱਤਾ ਗਿਆ ਹੈ।

ਅ: ਪੁਰਾਣਾ ਅਤੇ ਨਵਾਂ ਨੇਮ ਦੋਹਾਂ ਵਿੱਚ ਸਾਹਿਤ ਦੀਆਂ ਕਿਸਮਾਂ

ਪੁਰਾਣਾ ਨੇਮ

- ਨੇਮ ਦਾ ਆਧਾਰ। ਜਗਤ ਦਾ ਅਰੰਭ, ਪ੍ਰਾਚੀਨ ਪਿਉ-ਦਾਦਿਆਂ ਅਤੇ ਪਰਮੇਸ਼ੁਰ ਦੀ ਪ੍ਰਾਚੀਨ ਬਿਵਸਥਾ ਦਾ ਇਤਿਹਾਸ 1 ਮੂਸਾ ਦੀਆਂ 5 ਪੁਸਤਕਾਂ, ਉਤਪਤ ਤੋਂ ਬਿਵਸਥਾ ਸਾਰ ਤੱਕ।
- ਇਤਿਹਾਸਿਕ : ਪ੍ਰਾਚੀਨ ਇਸਰਾਏਲ ਕੌਮ ਦੀਆਂ ਕਹਾਣੀਆਂ, 12 ਪੁਸਤਕਾਂ, ਯਹੋਸ਼ੁਆ ਤੋਂ ਅਸਤਰ ਤੱਕ
- ਧਾਰਮਕ ਅਤੇ ਸਿਖਿਆ ਦੇਣ ਵਾਲੀਆਂ : ਇਬਰਾਨੀ ਕਾਵਿ ਰਚਨਾ। ਅੱਯੂਬ ਤੋਂ ਸਰੇਸ਼ਟ ਗੀਤ ਤੱਕ
- ਭਵਿੱਖਬਾਣੀ ਵਾਲੀਆਂ : ਪੁਰਾਣੇ ਨੇਮ ਦੇ ਸਾਹਿਤਕ ਨਬੀ, 17 ਪੁਸਤਕਾਂ, ਯਸਾਯਾਹ ਤੋਂ ਮਲਾਕੀ ਤੱਕ।

ਗਿਣਤੀ **12:6-8** ਵਿੱਚ ਵੇਖੋ, ਪਰਮੇਸ਼ੁਰ ਮੂਸਾ ਨਾਲ ਕਿਵੇਂ ਬੋਲਿਆ।

ਬਿਵਸਥਾ ਸਾਰ **34:10** ਵਿੱਚ ਵੇਖੋ, ਕਿਵੇਂ ਪਰਮੇਸ਼ੁਰ ਨੇ ਮੂਸਾ ਦੀ ਤੁਲਨਾ ਦੂਜੇ ਨਬੀਆਂ ਨਾਲ ਕੀਤੀ।

ਯੂਹੰਨਾ **1:17** ਵਿੱਚ ਵੇਖੋ, ਕਿਵੇਂ ਪਰਮੇਸ਼ੁਰ ਨੇ ਮੂਸਾ ਦੀ ਤੁਲਨਾ ਯਿਸੂ ਨਾਲ ਕੀਤੀ। ਮੂਸਾ ਪੁਰਾਣੇ ਨੇਮ ਦਾ ਸਭ ਤੋਂ ਮਹਾਨ ਨਬੀ ਸੀ। ਦੂਜੇ ਲਿਖਣ ਵਾਲੇ ਨਬੀਆਂ ਨੇ ਮੁੱਖ ਤੌਰ ਤੇ ਮੂਸਾ ਦੀ ਬਿਵਸਥਾ ਬਾਰੇ ਦੱਸਿਆ ਅਤੇ ਇਸਨੂੰ ਲਾਗੂ ਕੀਤਾ।

ਨਵਾਂ ਨੇਮ

- ਨੇਮ ਦਾ ਆਧਾਰ। ਯਿਸੂ ਦੀਆਂ ਸਿੱਖਿਆਵਾਂ ਅਤੇ ਕੰਮ, 4 ਪੁਸਤਕਾਂ, ਮੱਤੀ ਤੋਂ ਯੂਹੰਨਾ ਤੱਕ।
- ਇਤਹਾਸਿਕ: ਰਸੂਲਾਂ ਦੀਆਂ ਕਲੀਸਿਆਵਾਂ, 1 ਪੁਸਤਕ, ਰਸੂਲਾਂ ਦੇ ਕਰਤੱਬ।
- ਧਾਰਮਕ ਅਤੇ ਸਿੱਖਿਆ ਦੇਣ ਵਾਲੀਆਂ: ਨਵੀਆਂ ਕਲੀਸਿਆਵਾਂ ਅਤੇ ਆਗੂਆਂ ਨੂੰ ਪੱਤਰੀਆਂ, ਰੋਮੀਆਂ ਤੋਂ ਯਹੂਦਾਹ ਤੱਕ।
- ਭਵਿੱਖਬਾਣੀ ਵਾਲੀਆਂ। ਰਸੂਲ ਯੂਹੰਨਾ ਦੇ ਦਰਸ਼ਣ, 1 ਪੁਸਤਕ, ਪਰਕਾਸ਼ ਦੀ ਪੋਥੀ।

ੲ: ਬਾਈਬਲ ਦੇ ਪੰਜ "ਨੇਮਾਂ" ਨੇ ਲੋਕਾਂ ਨਾਲ ਪਰਮੇਸ਼ੁਰ ਦੇ ਵਿਹਾਰ ਦੀ ਅਗਵਾਈ ਕੀਤੀ।

**1)** <u>ਕਿਸੇ ਵਿਅਕਤੀ ਦੇ ਅੰਤਹਕਰਨ ਦੁਆਰਾ ਸਵੈ-ਸ਼ਾਸਨ ਨੇਮ</u>, ਆਦਮ ਨਾਲ ਬੰਨਿਆ ਗਿਆ, ਆਦਮ ਤੋਂ ਅਬਰਾਹਾਮ ਤੱਕ, ਉਤਪਤ 1-12

**ਅਰੰਭ:** ਪਰਮੇਸ਼ੁਰ ਨੇ ਪਹਿਲੇ ਮਨੁੱਖ ਨੂੰ ਕਿਹਾ ਕਿ ਜੇਕਰ ਉਹ, ਭਲੇ-ਬੁਰੇ ਦੀ ਸਿਆਣ ਦੇ ਬਿਰਛ ਤੋਂ ਖਾਵੇਗਾ ਤਾਂ ਮਰ ਜਾਵੇਗਾ। ਸ਼ੈਤਾਨ ਨੇ ਝੂਠੇ ਧਰਮਾਂ ਬਾਰੇ ਝੂਠ ਬੋਲਿਆ, "ਤੁਸੀਂ ਮਰੋਗੇ ਨਹੀਂ, ਪਰ ਪਰਮੇਸ਼ੁਰ ਵਰਗੇ ਹੋ ਜਾਓਗੇ। ਉਤਪਤ 2:16-17 ਅਤੇ 3:5

**ਨਤੀਜ਼ੇ:** ਆਦਮ ਦੀ ਅਣਆਗਿਆਕਾਰੀ ਤੋਂ ਬਾਅਦ, ਲੋਕਾਂ ਨੂੰ ਭਲੇ ਬੁਰੇ ਦੀ ਸਿਆਣ ਹੋ ਗਈ। ਹਰ ਯੁੱਗ ਵਿੱਚ ਦੋਵੇਂ ਪੁਰਾਣੇ ਅਤੇ ਨਵੇਂ ਨੇਮ ਵਿੱਚ ਸ਼ੈਤਾਨ ਲੋਕਾਂ ਨੂੰ ਮਨੁੱਖੀ ਜਤਨਾਂ ਨਾਲ ਸੰਪੂਰਨਤਾ ਤੱਕ ਪਹੁੰਚਣ ਲਈ ਉਤੇਜਤ ਕਰਦਾ ਹੈ, ਤਾਂ ਜੋ ਉਹ ਮਰ ਜਾਣਗੇ, ਉਨ੍ਹਾਂ ਦਾ ਨਿਆਂ ਹੋਵੇਗਾ ਅਤੇ ਨਾਸ ਹੋ ਜਾਣਗੇ। ਪਰਮੇਸ਼ੁਰ ਨੇ ਹਮੇਸ਼ਾ ਉਨ੍ਹਾਂ ਲੋਕਾਂ ਨੂੰ ਬਚਾਇਆ, ਜਿਨ੍ਹਾਂ ਉਸ ਉੱਤੇ ਭਰੋਸਾ ਕੀਤਾ, ਹਾਬਲ ਵਾਂਗਰ ਜਿਸਨੇ ਨਿਰਦੋਸ਼ ਭੇਟ ਦੀ ਲਹੂ ਦੇ ਰੂਪ ਵਿੱਚ ਕੁਰਬਾਨੀ ਦਿੱਤੀ। ਜਲ ਪਰਲੋ ਤੋਂ ਬਾਅਦ, ਪਰਮੇਸ਼ੁਰ ਨੇ ਮਨੁੱਖੀ ਹਕੂਮਤ ਦਾ ਫਰਮਾਨ ਜਾਰੀ ਕੀਤਾ, ਮਨੁੱਖਾਂ ਨੂੰ ਦੱਸਦੇ ਹੋਏ ਕਿ ਕਾਤਿਲਾਂ ਨੂੰ ਮੌਤ ਦੀ ਸਜਾ ਦਿਓ, ਉਤਪਤ 9:6

ਉਤਪਤ **2:16-17** ਵਿੱਚ ਵੇਖੋ, ਪਰਮੇਸ਼ੁਰ ਨੇ ਕਿਹਾ ਜੇਕਰ ਆਦਮ ਅਣਆਗਿਆਕਾਰੀ ਕਰੇਗਾ ਤਾਂ ਕੀ ਹੋਵੇਗਾ।

**2)** <u>ਕਿਰਪਾ ਦਾ ਨੇਮ</u> ਨਿਹਚਾ ਦੁਆਰਾ, ਅਬਰਾਹਾਮ ਨਾਲ ਬੰਨ੍ਹਿਆ ਗਿਆ, ਉਤਪਤ 12 ਅਧਿਆਏ, ਬਾਕੀ ਸਾਰੀ ਬਾਈਬਲ ਵਿੱਚ ਚੱਲਦਾ ਹੈ।

**ਅਰੰਭ:** ਅਬਰਾਹਾਮ ਨੇ ਪਰਮੇਸ਼ੁਰ ਦੇ ਵਾਅਦੇ ਉੱਤੇ ਵਿਸ਼ਵਾਸ ਕੀਤਾ ਅਤੇ ਪਰਮੇਸ਼ੁਰ ਨੇ ਉਸਦੇ ਵਿਸ਼ਵਾਸ ਨੂੰ ਧਰਮ ਗਿਣਿਆ। ਉਤਪਤ 12:1-3 ਅਤੇ ਉਤਪਤ 15:1-6

**ਨਤੀਜ਼ੇ:** ਪਰਮੇਸ਼ੁਰ ਅਬਰਾਹਾਮ ਦੇ ਵੰਸ਼, ਯਿਸੂ ਦੁਆਰਾ ਸਾਰੀ ਕੌਮ ਦੇ ਲੋਕਾਂ ਵਿੱਚ ਬਰਕਤ ਦੇਂਦਾ ਹੈ।

- ਬਾਈਬਲ ਵਿੱਚ ਜੋ ਕੁਝ ਇਸਦੇ ਅੰਤ ਤੱਕ ਹੈ, ਇਸ ਵਾਅਦੇ ਦੀ ਪੂਰਤੀ ਵਿੱਚ ਹੈ। ਪੁਰਾਣਾ ਅਤੇ ਨਵਾਂ ਨੇਮ ਦੋਵੇਂ ਅਬਰਾਹਾਮ ਨਾਲ ਪਰਮੇਸ਼ੁਰ ਦੇ ਨੇਮ ਤੇ ਅਧਾਰਿਤ ਹਨ।
- ਪੁਰਾਣੇ ਅਤੇ ਨਵੇਂ ਨੇਮ ਦੋਵਾਂ ਦੇ ਅਧੀਨ, ਪਰਮੇਸ਼ੁਰ ਨੇ ਵਫ਼ਾਦਾਰ ਲੋਕਾਂ ਨੂੰ ਉਸਦੀ ਪਰਿਵਰਤਿਤ ਕਰਨ ਵਾਲੀ ਕਿਰਪਾ ਦੁਆਰਾ ਬਚਾਇਆ ਹੈ।

**3)** <u>ਪੁਰਾਣਾ ਨੇਮ ਬਿਵਸਥਾ ਦੁਆਰਾ ਰਾਜ ਕਰਦਾ ਹੈ</u>, ਬਾਕੀ ਪੁਰਾਣੇ ਨੇਮ ਵਿੱਚੋਂ ਕੂਚ 20 ਚੱਲਦਾ ਹੈ।

**ਅਰੰਭ:** ਪਰਮੇਸ਼ੁਰ ਨੇ ਸੀਨਈ ਪਹਾੜ ਉਤੋਂ ਮੂਸਾ ਦੁਆਰਾ ਇਸਰਾਏਲ ਦੀ ਕੌਮ ਨੂੰ ਪੁਰਾਣੇ ਨੇਮ ਦੀ ਬਿਵਸਥਾ ਦਿੱਤੀ।

**ਨਤੀਜ਼ੇ:** ਯਿਸੂ ਤੋਂ ਇਲਾਵਾ ਹੋਰ ਕਿਸੇ ਵਿਅਕਤੀ ਨੇ ਪੁਰਾਣੇ ਨੇਮ ਦੇ ਹੁਕਮਾਂ ਦੀ ਪੂਰੀ ਤਰ੍ਹਾਂ ਪਾਲਣਾ ਨਹੀਂ ਕੀਤੀ। ਪਾਪ ਮੌਤ ਲਿਆਇਆ, ਨਾ ਕਿ ਸਦੀਪਕ ਜੀਵਨ। ਮੂਸਾ ਦੀ ਬਿਵਸਥਾ ਨੇ ਸਿਰਫ ਦੁਨਿਆਵੀ, ਆਰਜ਼ੀ ਇਨਾਮਾਂ ਦਾ ਵਾਅਦਾ ਕੀਤਾ। ਇਹ ਲੋਕਾਂ ਨੂੰ ਸਿਖਾਉਂਦਾ ਹੈ ਕਿ ਉਨ੍ਹਾਂ ਨੂੰ ਮਾਫ਼ੀ ਪਾਉਣ ਦੀ ਲੋੜ ਹੈ।

- ਪਰਮੇਸ਼ੁਰ ਨੇ ਚਮਤਕਾਰੀ ਢੰਗ ਨਾਲ ਇਸਰਾਏਲ ਦੇ ਲੋਕਾਂ ਨੂੰ ਮਿਸਰ ਦੀ ਗੁਲਾਮੀ ਵਿੱਚੋਂ ਬਾਹਰ ਲਿਆਂਦਾ, ਇਸ ਤਰ੍ਹਾਂ ਇਕ ਨਵੀਂ ਕੌਮ ਤਿਆਰ ਕੀਤੀ, ਜਿਹੜੀ ਪਰਮੇਸ਼ੁਰ ਦੁਆਰਾ ਛੁਡਾਈ ਗਈ ਸੀ।
- ਨਵੀਂ ਆਜ਼ਾਦ ਕੀਤੀ ਹੋਈ ਕੌਮ, ਉਜਾੜ ਵਿੱਚ ਇੱਧਰ ਉੱਧਰ ਭਟਕ ਰਹੀ ਸੀ ਅਤੇ ਇਸਨੂੰ ਚੰਗੀ ਹਕੂਮਤ ਲਈ ਨਿਯਮਾਂ ਦੀ ਲੋੜ ਸੀ, ਕੂਚ 18-20

**4)** <u>ਆਉਣ ਵਾਲੇ ਮਸੀਹ ਦਾ ਨੇਮ</u>, ਦਾਊਦ ਨਾਲ ਬੰਨਿਆ ਗਿਆ, 2 ਸਮੂਏਲ 7:8-17

**ਅਰੰਭ :** ਪਰਮੇਸ਼ੁਰ ਨੇ ਦਾਊਦ ਰਾਜਾ ਨਾਲ ਵਾਅਦਾ ਕੀਤਾ ਕਿ ਉਸਦੇ ਵੰਸ਼ਾਂ ਵਿੱਚੋਂ ਇਕ ਵੰਸ਼ ਕੌਮਾਂ ਉੱਤੇ ਨਿਆਂ ਨਾਲ ਹਮੇਸ਼ਾ ਰਾਜ ਕਰੇਗਾ। 'ਮਸੀਹਾ' ਸ਼ਬਦ ਦਾ ਅਰਥ ਹੈ ਉਹ ਜਿਹੜਾ ਪਵਿੱਤਰ ਆਤਮਾ ਦੁਆਰਾ ਮਸਹ ਕੀਤਾ ਹੋਇਆ ਹੈ।

**ਨਤੀਜ਼ਾ :** ਯਿਸੂ, ਦਾਊਦ ਦਾ ਮਸਹ ਕੀਤੇ ਹੋਏ ਵੰਸ਼, ਨੇ ਪੁਰਾਣੇ ਅਤੇ ਨਵੇਂ ਨੇਮ ਦੋਹਾਂ ਦੇ ਨੇਮਾਂ ਨੂੰ ਸੰਪੂਰਨ ਰੂਪ ਨਾਲ ਪੂਰਾ ਕੀਤਾ। ਬਾਈਬਲ ਹੋਰ ਕਿਸੇ ਵਿਅਕਤੀ ਨਾਲੋਂ ਵੱਧਕੇ ਯਿਸੂ ਅਤੇ ਦਾਊਦ ਦਾ ਜ਼ਿਆਦਾ ਜ਼ਿਕਰ ਕਰਦੀ ਹੈ।

ਯਸਾਯਾਹ **9:6-7** ਵਿੱਚ ਵੇਖੋ ਕਿਸਦੇ ਸਿੰਘਾਸਣ ਨਾਲ ਪਰਮੇਸ਼ੁਰ ਆਪਣੇ ਸਦੀਪਕ ਰਾਜ ਨੂੰ ਸਥਾਪਿਤ ਕਰੇਗਾ।

(ਪਰਮੇਸ਼ੁਰ ਨੇ ਇਹ ਯਸਾਯਾਹ ਉੱਤੇ ਦਾਊਦ ਤੋਂ ਕਈ ਸੌ ਸਾਲ ਬਾਅਦ ਅਤੇ ਮਸੀਹ ਤੋਂ ਕਈ ਸੌ ਸਾਲ ਪਹਿਲਾਂ ਪ੍ਰਗਟ ਕੀਤਾ)।

**ਮੱਤੀ 3:16-17** ਵਿੱਚ ਵੇਖੋ, ਯਿਸੂ ਦੇ ਚੇਲਿਆਂ ਨੇ ਕੀ ਗਵਾਹੀ ਦਿੱਤੀ ਜਿਸਨੇ ਸਾਬਿਤ ਕੀਤਾ ਕਿ ਯਿਸੂ ਇਕ ਬਹੁਤ ਖ਼ਾਸ ਵਿਅਕਤੀ ਸੀ ਜਿਸਨੂੰ ਪਰਮੇਸ਼ੁਰ ਨੇ ਭੇਜਿਆ ਸੀ।

**5)** ਨਵਾਂ ਨੇਮ, ਇਕ ਸੰਪੂਰਨ, ਸਦੀਪਕ ਰਾਜ, ਸਾਰੇ ਵਿਸ਼ਵਾਸੀਆਂ ਨਾਲ ਬੰਨ੍ਹਿਆ ਗਿਆ, ਨਵੇਂ ਨੇਮ ਦੀਆਂ ਸਾਰੀਆਂ ਪੁਸਤਕਾਂ।

**ਅਰੰਭ :** ਯਿਸੂ ਨੇ ਰਸਮੀ ਢੰਗ ਨਾਲ ਨਵੇਂ ਨੇਮ ਦੀ ਘੋਸ਼ਣਾ ਕੀਤੀ, ਜਦੋਂ ਉਸਨੇ ਪ੍ਰਭੁ ਭੋਜ ਦੀ ਸਥਾਪਨਾ ਕੀਤੀ। ਯਿਸੂ ਨੇ ਇਸ ਦੀ ਸਥਾਪਨਾ ਮਰਨ ਦੁਆਰਾ, ਮੁਰਦਿਆਂ ਵਿੱਚੋਂ ਜੀ ਉੱਠ ਕੇ, ਪਿਤਾ ਕੋਲ ਉਤਾਂਹ ਜਾਣ, ਅਤੇ ਸਾਡੇ ਅੰਦਰ ਵਾਸ ਕਰਨ ਲਈ ਪਵਿੱਤਰ ਆਤਮਾ ਨੂੰ ਘੱਲ ਕੇ ਕੀਤੀ।

**ਨਤੀਜ਼ੇ :** ਹਰ ਕੋਈ ਜੋ ਤੋਬਾ ਕਰਦਾ ਅਤੇ ਮਸੀਹ ਵਿੱਚ ਵਿਸ਼ਵਾਸ ਕਰਦਾ ਹੈ, ਪਰਮੇਸ਼ੁਰ ਦੇ ਰਾਜ ਵਿੱਚ ਨਵਾਂ ਜਨਮ ਪਾਉਂਦਾ ਹੈ। ਵਿਸ਼ਵਾਸੀ ਮਸੀਹ ਦੀ ਸਰਵਵਿਆਪਕ, ਅਲੌਕਕ ਦੇਹ ਦਾ ਹਿੱਸਾ ਬਣ ਜਾਂਦੇ ਹਨ। ਯਿਸੂ ਦੇ ਲਹੂ ਬਹਾਏ ਜਾਣ ਕਾਰਨ ਉਨ੍ਹਾਂ ਦੇ ਪਾਪ ਮਾਫ਼ ਹੋ ਜਾਂਦੇ ਹਨ। ਉਹ ਉਸਦੇ ਜੀ ਉੱਠਣ ਦੇ ਭਾਗੀਦਾਰ ਬਣ ਕੇ ਨਵਾਂ, ਪਵਿੱਤਰ, ਸਦੀਪਕ ਜੀਵਨ ਪ੍ਰਾਪਤ ਕਰਦੇ ਹਨ।

**ਯਿਰਮਿਯਾਹ 31:31-34** ਵਿੱਚ ਵੇਖੋ, ਪਰਮੇਸ਼ੁਰ ਦੇ ਲੋਕ ਕਿਵੇਂ ਨਵੇਂ ਨੇਮ ਦੁਆਰਾ ਅਗਵਾਈ ਪ੍ਰਾਪਤ ਕਰਨਗੇ।

**ਯਿਰਮਿਯਾਹ 36 ਅਧਿਆਏ** ਵਿੱਚ ਵੇਖੋ, ਪਰਮੇਸ਼ੁਰ ਨੇ ਕਿਵੇਂ ਮਨੁੱਖਾਂ ਅਤੇ ਘਟਨਾਵਾਂ ਨੂੰ ਦਰਜ਼ ਕਰਨ ਲਈ ਆਪਣੇ ਵਚਨ ਦਾ ਪ੍ਰਯੋਗ ਕੀਤਾ।

**2. ਆਪਣੇ ਸਹਿਕਰਮੀਆਂ ਨਾਲ ਮਿਲਕੇ ਹਫ਼ਤੇ ਦੌਰਾਨ ਹੋਣ ਵਾਲੀਆਂ ਗਤੀਵਿਧੀਆਂ ਦੀ ਯੋਜਨਾ ਬਣਾਓ।**

- ਕੋਈ ਅਜਿਹੇ ਵਿਸ਼ਵਾਸੀਆਂ ਕੋਲ ਜਾਓ, ਜਿਹੜੇ ਹਾਲੇ ਵੀ ਰੋਜ਼ਾਨਾ ਪਵਿੱਤਰ ਵਚਨ ਨਹੀਂ ਪੜ੍ਹਦੇ ਅਤੇ ਆਪਣੇ ਪਰਿਵਾਰਾਂ ਨਾਲ ਮਿਲਕੇ ਪ੍ਰਾਰਥਨਾ ਨਹੀਂ ਕਰਦੇ। ਤੁਸੀਂ ਉਨ੍ਹਾਂ ਨਾਲ ਮਿਲਕੇ ਪ੍ਰਾਰਥਨਾ ਕਰੋ ਅਤੇ ਉਨ੍ਹਾਂ ਨੂੰ ਰੋਜ਼ਾਨਾ, ਪਰਿਵਾਰਿਕ ਭਗਤੀ ਸ਼ੁਰੂ ਕਰਨ ਵਿੱਚ ਮਦਦ ਕਰੋ।
- ਜੇਕਰ ਹਾਲੇ ਤੱਕ ਉਨ੍ਹਾਂ ਦੀ ਭਾਸ਼ਾ ਵਿੱਚ ਬਾਈਬਲ ਦਾ ਅਨੁਵਾਦ ਨਹੀਂ ਹੋਇਆ ਹੈ, ਜਾਂ ਲੋਕ ਪੜ੍ਹ ਨਹੀਂ ਸਕਦੇ, ਤਾਂ ਉਨ੍ਹਾਂ ਕੋਲ ਜਾਓ ਅਤੇ ਉਨ੍ਹਾਂ ਨੂੰ ਬਾਈਬਲ ਦੀਆਂ ਕਹਾਣੀਆਂ ਸਿੱਖਣ ਵਿੱਚ ਉਨ੍ਹਾਂ ਦੀ ਮਦਦ ਕਰੋ ਤਾਂ ਜੋ ਉਹ ਇਨ੍ਹਾਂ ਕਹਾਣੀਆਂ ਨੂੰ ਆਪਣੇ ਪਰਿਵਾਰਾਂ ਅਤੇ ਮਿੱਤਰਾਂ ਅੱਗੇ ਦੁਹਰਾ ਸੱਕਣ।

**3. ਆਪਣੇ ਸਹਿਕਰਮੀਆਂ ਨਾਲ ਮਿਲਕੇ ਆਉਣ ਵਾਲੇ ਅਰਾਧਨਾ ਸਮੇਂ ਬਾਰੇ ਯੋਜਨਾ ਬਣਾਓ**

ਯਿਰਮਿਯਾਹ 36 ਅਧਿਆਏ ਵਿੱਚੋਂ ਯਿਰਮਿਯਾਹ ਦੀ ਲਪੇਟਵੀਂ ਪੱਤ੍ਰੀ ਦੀ ਕਹਾਣੀ ਦੱਸੋ ਜਾਂ ਇਸ ਨੂੰ ਨਾਟਕ ਦੇ ਰੂਪ ਵਿੱਚ ਪੇਸ਼ ਕਰੋ।

ਪੰਜ ਨੇਮਾਂ, ਉਨ੍ਹਾਂ ਦੇ ਅਰੰਭ, ਨਤੀਜ਼ਿਆਂ ਅਤੇ ਮੁੱਖ ਵਿੱਚਾਰਾਂ ਬਾਰੇ ਦੱਸੋ।

ਬੱਚਿਆਂ ਨੂੰ ਕਵਿਤਾ, ਨਾਟਕ ਅਤੇ ਪ੍ਰਸ਼ਨ ਜੋ ਉਨ੍ਹਾਂ ਤਿਆਰ ਕੀਤੇ ਹਨ ਪੇਸ਼ ਕਰਨ ਲਈ ਕਹੋ।

ਪ੍ਰਭੂ ਭੋਜ ਸ਼ੁਰੂ ਕਰਨ ਲਈ, ਦੱਸੋ ਕਿ ਆਦਮ ਅਤੇ ਹੱਵਾਹ ਤੋਂ ਸ਼ੁਰੂ ਕਰਦਿਆਂ, ਪੂਰੀ ਬਾਈਬਲ ਵਿੱਚ ਪਰਮੇਸ਼ੁਰ ਨੇ ਕਿਵੇਂ ਪਾਪ ਨੂੰ ਢੱਕਣ ਲਈ ਇਕ ਨਿਰਦੋਸ਼ ਭੇਟ ਦੀ ਮੰਗ ਕੀਤੀ। ਅਸੀਂ ਇਸ ਆਤਮਿਕ ਮੂਲ ਸੱਚ ਨੂੰ ਉਦੋਂ ਯਾਦ ਕਰਦੇ ਹਾਂ ਜਦੋਂ ਪ੍ਰਭੂ ਭੋਜ ਵਿੱਚ ਅਸੀਂ ਮਸੀਹ ਦੀ ਦੇਹ ਅਤੇ ਲਹੂ ਦੇ ਭਾਗੀ ਹੁੰਦੇ ਹਾਂ, 1 ਕੁਰਿੰਥੀਆਂ 10:16

ਉਨ੍ਹਾਂ ਗਤੀਵਿਧੀਆਂ ਦੀ ਘੋਸ਼ਣਾ ਕਰੋ ਜਿੰਨਾਂ ਦੀ ਤੁਸੀਂ ਯੋਜਨਾ ਬਣਾਈ ਹੈ।

2 ਜਾਂ 3 ਲੋਕਾਂ ਦੇ ਸਮੂਹ ਵਿੱਚ ਪ੍ਰਾਰਥਨਾ ਕਰੋ

ਪਰਮੇਸ਼ੁਰ ਦੇ ਵਚਨ ਦਾ ਸਹੀ ਤਰ੍ਹਾਂ ਪ੍ਰਯੋਗ ਕਰਨ ਲਈ 2 ਤਿਮੋਥਿਉਸ 2:15 ਆਇਤ ਯਾਦ ਕਰੋ।

Copyright 2004 © by Paul-Timothy. May be freely copied. Download from www.Paul-Timothy.net